**BCM SCHOOL BASANT AVENUE DUGRI LUDHIANA**

**Class XI Subject -Punjabi (104)**

**Assignment**

**ਸਮਾਂ : 3 ਘੰਟੇ** **ਕੁੱਲ ਅੰਕ : 80**

**I.** ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਵਿਕਲਪ ਅੱਗੇ ☑ ਦਾ ਨਿਸ਼ਾਨ ਲਾਓ।

ਵਿਦਿਆਰਥੀ ਜੀਵਨ ਮਨੁੱਖ ਦੇ ਜੀਵਨ ਦਾ ਇੱਕ ਬੜਾ ਕੀਮਤੀ ਭਾਗ ਹੈ। ਇਹ ਅਵਸਰ ਉਹ ਬੁਨਿਆਦ ਹੈ ਜਿਸ ਉੱਪਰ ਆਉਣ ਵਾਲੀ ਜ਼ਿੰਦਗੀ ਦਾ ਮਹੱਲ ਉਸਾਰਿਆ ਜਾਂਦਾ ਹੈ। ਜਿੰਨਾ ਕੋਈ ਇਸ ਨੀਂਹ ਨੂੰ ਪੱਕਾ ਕਰ ਲੈਂਦਾ ਹੈ, ਓਨਾ ਹੀ ਉਹ ਆਪਣੀ ਜ਼ਿੰਦਗੀ ਸੰਵਾਰ ਲੈਂਦਾ ਹੈ। ਬਹੁਤ ਸਾਰੇ ਵਿਦਿਆਰਥੀ ਇਸ ਜੀਵਨ ਨੂੰ ਨਿਰਾ ਮੌਜ-ਮੇਲਾ ਅਤੇ ਹੱਸਣ-ਖੇਡਣ ਦਾ ਮੌਕਾ ਸਮਝਦੇ ਹਨ ਅਤੇ ਇਸ ਜੀਵਨ ਵਿੱਚੋਂ ਕੁਝ ਪ੍ਰਾਪਤ ਨਾ ਕਰਦੇ ਹੋਏ ਇਸ ਨੂੰ ਵਿਅਰਥ ਗਵਾ ਦਿੰਦੇ ਹਨ। ਇਸ ਲਾਪਰਵਾਹੀ ਲਈ ਉਨ੍ਹਾਂ ਨੂੰ ਬਾਅਦ ਵਿੱਚ ਪਛਤਾਉਣਾ ਪੈਂਦਾ ਹੈ ਕਿਉਂਕਿ ਜ਼ਿੰਦਗੀ ਦੀਆਂ ਕੌੜੀਆਂ ਅਸਲੀਅਤਾਂ ਦਾ ਸਾਹਮਣਾ ਕਰਨ ਲਈ ਉਨ੍ਹਾਂ ਨੇ ਆਪਣੇ-ਆਪ ਨੂੰ ਤਿਆਰ ਨਹੀਂ ਕੀਤਾ ਹੁੰਦਾ। ਵਿਦਿਆਰਥੀ ਦਾ ਸਭ ਤੋਂ ਵੱਡਾ ਫ਼ਰਜ਼ ਵਿੱਦਿਆ ਪ੍ਰਾਪਤ ਕਰਨਾ ਹੈ। ਉਹ ਪੜ੍ਹਾਈ ਕਰਨ ਲਈ ਹੀ ਸਕੂਲ ਜਾਂ ਕਾਲਜ ਵਿੱਚ ਆਉਂਦਾ ਹੈ ਪਰ ਨਿਰਾ ਕਿਤਾਬੀ-ਕੀੜਾ ਹੀ ਬਣਿਆ ਰਹਿਣਾ ਪੜ੍ਹਾਈ ਦਾ ਮਨੋਰਥ ਨਹੀਂ। ਪੜ੍ਹਾਈ ਦਾ ਅਰਥ ਸਿਰਫ਼ ਦਿਮਾਗ਼ੀ ਵਿਕਾਸ ਹੀ ਨਹੀਂ, ਸਗੋਂ ਮਨੁੱਖ ਦਾ ਸਮੁੱਚਾ ਵਿਕਾਸ ਹੈ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਦਿਮਾਗ਼ੀ ਵਿਕਾਸ ਦੇ ਨਾਲ਼-ਨਾਲ਼ ਆਪਣੇ ਸਰੀਰ ਤੇ ਆਤਮਾ ਨੂੰ ਵੀ ਵਿਕਸਿਤ ਕਰਨ। ਜਿੰਨਾ ਕੋਈ ਵਿਦਿਆਰਥੀ ਇਸ ਸਮੇਂ ਵਿੱਚ ਆਪਣੀ ਸ਼ਖ਼ਸੀਅਤ ਨੂੰ ਵਧੇਰੇ ਨਿਖਾਰ ਲਵੇਗਾ, ਓਨਾ ਹੀ ਵੱਧ ਸਤਿਕਾਰ ਉਹ ਸਮਾਜ ਵਿੱਚ ਪਾਵੇਗਾ। **(2001, Delhi)**

**ਪ੍ਰਸ਼ਨ 1.** ਮਨੁੱਖ ਦੇ ਜੀਵਨ ਦਾ ਕੀਮਤੀ ਭਾਗ ਕਿਹੜਾ ਦੱਸਿਆ ਗਿਆ ਹੈ ?

(ੳ) ਵਿਦਿਆਰਥੀ ਜੀਵਨ ☐ (ਅ) ਬਚਪਨ ☐

(ੲ) ਜਵਾਨੀ ☐ (ਸ) ਸਾਰੇ ਹੀ ☐

**ਪ੍ਰਸ਼ਨ 2.** ਵਿਦਿਆਰਥੀ ਜੀਵਨ ਦੌਰਾਨ ਕਿਹੜਾ ਮਹੱਲ ਉਸਾਰਿਆ ਜਾਂਦਾ ਹੈ ?

(ੳ) ਰਾਜ ਮਹੱਲ ☐ (ਅ) ਸੰਗਮਰਮਰੀ ਮਹੱਲ ☐

(ੲ) ਜ਼ਿੰਦਗੀ ਦਾ ਮਹੱਲ ☐ (ਸ) ਆਸਾਂ ਦਾ ਮਹੱਲ ☐

**ਪ੍ਰਸ਼ਨ 3.** ਬਹੁਤ ਸਾਰੇ ਵਿਦਿਆਰਥੀ, ਵਿਦਿਆਰਥੀ ਜੀਵਨ ਨੂੰ ਕੀ ਸਮਝਦੇ ਹਨ ?

(ੳ) ਬੋਝ ☐ (ਅ) ਨਿਰਾ ਮੌਜ-ਮੇਲਾ ☐

(ੲ) ਅਸਲੀਅਤ ☐ (ਸ) ਜ਼ਿੰਮੇਵਾਰੀ ☐

**ਪ੍ਰਸ਼ਨ 4.** ਵਿਦਿਆਰਥੀ ਜੀਵਨ ਨੂੰ ਵਿਅਰਥ ਗੁਆਉਣ ਵਾਲਿਆਂ ਦਾ ਕੀ ਹਾਲ ਹੁੰਦਾ ਹੈ ?

(ੳ) ਐਸ਼ ਕਰਦੇ ਹਨ ☐ (ਅ) ਖ਼ੁਸ਼ ਰਹਿੰਦੇ ਹਨ ☐

(ੲ) ਖ਼ੂਬ ਤਰੱਕੀ ਕਰਦੇ ਹਨ ☐ (ਸ) ਪਛਤਾਉਂਦੇ ਹਨ ☐

**ਪ੍ਰਸ਼ਨ 5.** ਵਿਦਿਆਰਥੀ ਦਾ ਮੁੱਢਲਾ ਫ਼ਰਜ਼ ਕਿਹੜਾ ਹੁੰਦਾ ਹੈ ?

(ੳ) ਮੌਜ-ਮਸਤੀ ਕਰਨੀ ☐ (ਅ) ਖੇਡਾਂ ਵਿੱਚ ਭਾਗ ਲੈਣਾ ☐

(ੲ) ਵਿੱਦਿਆ ਪ੍ਰਾਪਤ ਕਰਨਾ ☐ (ਸ) ਗ਼ੈਰ-ਹਾਜ਼ਰ ਰਹਿਣਾ ☐

**ਪ੍ਰਸ਼ਨ 6.** 'ਕਿਤਾਬੀ-ਕੀੜਾ' ਕਿਸ ਨੂੰ ਕਹਿੰਦੇ ਹਨ ?

(ੳ) ਬਹੁਤ ਜ਼ਿਆਦਾ ਪੜ੍ਹਨ ਵਾਲੇ ਨੂੰ ☐ (ਅ) ਖੇਡਣ ਵਾਲੇ ਨੂੰ ☐

(ੲ) ਅੱਵਲ ਆਉਣ ਵਾਲੇ ਨੂੰ ☐ (ਸ) ਕਿਤਾਬਾਂ ਲਿਖਣ ਵਾਲੇ ਨੂੰ ☐

**ਪ੍ਰਸ਼ਨ 7.** ਪੜ੍ਹਾਈ ਦਾ ਮਨੋਰਥ ਕੀ ਹੈ ?

(ੳ) ਸਿਰਫ਼ ਦਿਮਾਗ਼ੀ ਵਿਕਾਸ ☐ (ਅ) ਸ਼ਾਨੋ-ਸ਼ੌਕਤ ☐

(ੲ) ਨੌਕਰੀ ਪ੍ਰਾਪਤ ਕਰਨਾ ☐ (ਸ) ਮਨੁੱਖ ਦਾ ਸਮੁੱਚਾ ਵਿਕਾਸ ☐

**ਪ੍ਰਸ਼ਨ 8.** ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(ੳ) ਵਿਦਿਆਰਥੀ ਜੀਵਨ ਦੀ ਮਹਾਨਤਾ ☐

(ਅ) ਵਿਦਿਆਰਥੀ ਅਤੇ ਪੜ੍ਹਾਈ ☐

(ੲ) ਸ਼ਖ਼ਸੀਅਤ ਦਾ ਵਿਕਾਸ ☐

(ਸ) ਕਿਤਾਬੀ-ਕੀੜਾ ☐

**8 × 1 = 8**

**(II.) 'ਟਰੈਫ਼ਿਕ ਦੀ ਸਮੱਸਿਆ ਇੱਕ ਗੰਭੀਰ ਚੁਣੌਤੀ' ਵਿਸ਼ੇ 'ਤੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।**

***ਜਾਂ***

**ਸਰਕਾਰੀ ਦਫ਼ਤਰ ਵਿੱਚ ਹੁੰਦੀ ਖੱਜਲ-ਖੁਆਰੀ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।** **7**

**(III.) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200-250 ਸ਼ਬਦਾਂ ਵਿੱਚ ਲੇਖ ਲਿਖੋ :**

(*i*) ਕਿਸੇ ਪਹਾੜੀ ਸਥਾਨ ਦੀ ਯਾਤਰਾ

(*ii*) ਅਲੋਪ ਹੋ ਰਹੀਆਂ ਲੋਕ-ਖੇਡਾਂ

(*iii*) ਮਨੁ ਜੀਤੈ ਜਗੁ ਜੀਤੁ **8**

**(IV.) ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਪੰਜਾਬੀ ਅਨੁਵਾਦ ਲਿਖੋ :**

Adhoc, Basic Pay, Document, Implement, Nominated, Sanction

**5 × 1 = 5**

**(V.) ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਪੰਜਾਬੀ ਰੂਪ/ਅਨੁਵਾਦ ਲਿਖੋ :**

Bankrupt, Creche, Evolution, Intellectual, Octroi, Whirlpool

**5 × 1 = 5**

**(VI.) ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਚਾਰ ਦਾ ਪੰਜਾਬੀ ਅਨੁਵਾਦ ਲਿਖੋ :**

(*i*) Payment can be made in cash or by cheque.

(*ii*) In case of emergency pull chain.

(*iii*) Use block letters for filling in the money order form.

(*iv*) Now-a-days, vehicle insurance is also necessary.

(*v*) Cyber crime is a crime in which a computer is used.

**4 × 2 = 8**

**VII.** **ਕਿਸੇ ਪੰਜ ਮੁਹਾਵਰਿਆਂ ਦੇ ਅਰਥ ਸਪੱਸ਼ਟ ਕਰਦੇ ਹੋਏ ਵਾਕ ਬਣਾਓ :**

(*i*) ਅਸਮਾਨ ਨੂੰ ਟਾਕੀਆਂ ਲਾਉਣੀਆਂ

(*ii*) ਹੱਥ 'ਤੇ ਹੱਥ ਧਰ ਕੇ ਬਹਿਣਾ

(*iii*) ਖੰਭ ਲਾ ਕੇ ਉੱਡ ਜਾਣਾ

(*iv*) ਝੋਲੀ ਚੁੱਕਣੀ

(*v*) ਦਿਲ 'ਤੇ ਲਾਉਣਾ

(*vi*) ਮੂੰਹ 'ਤੇ ਹਵਾਈਆਂ ਉੱਡਣੀਆਂ

**5 × 1 = 5**

**VIII.** ਮਕਾਨ ਦੀ ਵਿਕਰੀ ਸਬੰਧੀ ਇਸ਼ਤਿਹਾਰ ਲਿਖੋ।

**ਜਾਂ**

ਖ਼ੂਨ-ਦਾਨ ਕੈਂਪ ਸਬੰਧੀ ਸੱਦਾ-ਪੱਤਰ ਲਿਖੋ। **5 × 1 = 5**

## ਪਾਠ-ਪੁਸਤਕਾਂ

**IX.** **ਪੁੱਛੇ ਗਏ ਪ੍ਰਸ਼ਨਾਂ ਅਨੁਸਾਰ ਕਿਸੇ ਛੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

**ਪ੍ਰਸ਼ਨ 1.** "ਚਾਚੀ ਨੀ ਸੁਣ ਮੇਰੀਏ ਵਾਰੀ, ਚਾਚੇ ਮੇਰੇ ਨੂੰ ਸਮਝਾ

ਸਾਡੇ ਹਾਣ ਦੀਆਂ ਸਾਵਰੇ ਵਾਰੀ, ਸਾਡੜੇ ਮਨ ਵਿੱਚ ਚਾਅ"

**ਇਹ ਤੁਕਾਂ ਕਿਹੜੇ ਸੁਹਾਗ ਵਿੱਚੋਂ ਹਨ ?**

(ੳ) ਚੜ੍ਹ ਚੁਬਾਰੇ ਸੁੱਤਿਆ ☐ (ਅ) ਬੇਟੀ ਚੰਨਣ ਦੇ ਓਹਲੇ ☐

(ੲ) ਦੇਈਂ ਦੇਈਂ ਵੇ ਬਾਬਲਾ ☐ (ਸ) ਅੱਸੂ ਦਾ ਕਾਜ ਰਚਾ ☐

**ਪ੍ਰਸ਼ਨ 2.** 'ਬਾਬਲ ਜਿਉਂ ਤਾਰਿਆਂ ਵਿਚੋਂ ਚੰਨ,

ਚੰਨਾਂ ਵਿਚੋਂ ਕਾਹਨ, ਘਨੱਈਆ ਵਰ ਲੋੜੀਏ'।

**ਕੁੜੀ ਕਿਹੋ ਜਿਹਾ ਵਰ ਮੰਗਦੀ ਹੈ ?**

(ੳ) ਚੰਨ ਵਰਗਾ ☐ (ਅ) ਤਾਰਿਆਂ ਵਰਗਾ ☐

(ੲ) ਕਾਹਨ ਵਰਗਾ ☐ (ਸ) ਫ਼ੌਜੀ ☐

ਪ੍ਰਸ਼ਨ 3. ਹਰਿਆ ਨੀ ਮਾਲਣੇ, ਹਰਿਆ ਨੀ ਭੈਣੇ
ਹਰਿਆ ਤੇ ਭਾਗੀਂ ਭਰਿਆ ਈ
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ
ਸੋਈਓ ਦਿਹਾੜਾ ਭਾਗੀਂ ਭਰਿਆ ਈ।

**ਇਸ ਘੋੜੀ ਵਿੱਚ ਹਰਿਆ ਕਿਸ ਨੂੰ ਕਿਹਾ ਗਿਆ ਹੈ ?**

(ੳ) ਮਾਲਣ ਨੂੰ ☐ (ਅ) ਮੁੰਡੇ ਨੂੰ ☐
(ੲ) ਭਰਾ ਨੂੰ ☐ (ਸ) ਬੂਟੇ ਨੂੰ ☐

ਪ੍ਰਸ਼ਨ 4. ਚੀਰਾ ਤੇਰਾ ਵੇ ਮੱਲਾ ਸੋਹਣਾ,
ਸੋਹਣਾ, ਸੋਂਹਦਾ ਕਲਗੀਆਂ ਦੇ ਨਾਲ਼
ਕਲਗੀ ਡੇਢ ਤੇ ਹਜ਼ਾਰ
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

**ਇਹ ਸਤਰਾਂ ਲੋਕ ਗੀਤ ਦੇ ਕਿਹੜੇ ਕਾਵਿ-ਰੂਪ ਦੀਆਂ ਹਨ ?**

(ੳ) ਘੋੜੀ ☐ (ਅ) ਸੁਹਾਗ ☐
(ੲ) ਸਿੱਠਣੀਆਂ ☐ (ਸ) ਟੱਪਾ ☐

ਪ੍ਰਸ਼ਨ 5. **ਖ਼ਾਲੀ ਥਾਂ ਭਰੋ :**
ਗੈਸ ਬੁਝਾ ਦਿਓ ਜੀ ਸਾਡਾ ਕੁੜਮ..............ਵਰਗਾ।

(ੳ) ਬੱਲਬ ☐ (ਅ) ਤਾਰਿਆਂ ☐
(ੲ) ਸੂਰਜ ☐ (ਸ) ਬੈਟਰੀ ☐

ਪ੍ਰਸ਼ਨ 6. 'ਮਿੱਟੀ ਨਾ ਫਰੋਲ ਜੋਗੀਆ
ਨਹੀਓਂ ਲੱਭਣੇ ਲਾਲ ਗੁਆਚੇ

**ਟੱਪੇ ਵਿੱਚ 'ਲਾਲ' ਕਿਸ ਨੂੰ ਕਿਹਾ ਗਿਆ ਹੈ ?**

(ੳ) ਕੀਮਤੀ ਗਹਿਣਿਆਂ ਨੂੰ ☐ (ਅ) ਕੀਮਤੀ ਵਸਤਰਾਂ ਨੂੰ ☐
(ੲ) ਮਰ ਚੁੱਕੇ ਪੁੱਤਰਾਂ ਨੂੰ ☐ (ਸ) ਵਿਛੜੇ ਰਿਸ਼ਤੇਦਾਰਾਂ ਨੂੰ ☐

ਪ੍ਰਸ਼ਨ 7. ਵਾਹ ਵਾਹ ਨੀ ਚਰਖ਼ੇ ਪੀੜ੍ਹੀਆਂ
ਹੋਰ ਤਾਂ ਕੁੜਮ ਚੰਗਾ ਭਲਾ,
ਅੱਖਾਂ ਟੀਰਮ ਟੀਰੀਆਂ।

**ਉਪਰੋਕਤ ਸਤਰਾਂ ਲੋਕ-ਕਾਵਿ ਦੇ ਕਿਹੜੇ ਰੂਪ ਵਿੱਚੋਂ ਹਨ ?**

(ੳ) ਘੋੜੀਆਂ ☐ (ਅ) ਸੁਹਾਗ ☐
(ੲ) ਸਿੱਠਣੀਆਂ ☐ (ਸ) ਟੱਪੇ ☐

**6 × 1 = 6**

**(X.) ਹੇਠ ਲਿਖੀਆਂ ਕਾਵਿ-ਸਤਰਾਂ ਦੇ ਆਧਾਰ 'ਤੇ ਪੁੱਛੇ ਗਏ ਪ੍ਰਸ਼ਨਾਂ ਵਿੱਚੋਂ ਕਿਸੇ ਛੇ ਪ੍ਰਸ਼ਨਾਂ ਦੇ ਉੱਤਰ ਚੁਣੋ :**

**ਪ੍ਰਸ਼ਨ 1.** ਕੀਤਾ ਈ ਨਸ਼ਈ ਮੇਰਾ ਕਮਲਾ ਢੋਲ,
ਪਿਆਲੇ ਪਿਲਾਏ ਨੀ ਭੰਗ ਦੇ ਘੋਲ਼ ਕੇ।

**ਇਹ ਕਾਵਿ ਸਤਰਾਂ ਕਿਹੜੇ ਢੋਲੇ ਵਿੱਚੋਂ ਹਨ ?**

(ੳ) ਕੰਨਾਂ ਨੂੰ ਸੋਹਣੇ ਬੁੰਦੇ ☐ (ਅ) ਬੁੱਤ ਬਣੋਟਿਆਂ ☐
(ੲ) ਉੱਭੇ ਦੇ ਬੱਦਲ ☐ (ਸ) ਮੀਆਂ ਰਾਂਝਾ ☐

**ਪ੍ਰਸ਼ਨ 2.** 'ਬੋਲੀਆਂ ਦਾ ਖੂਹ ਭਰ ਦਿਆਂ,
ਜਿੱਥੇ ਪਾਣੀ ਭਰਨ ਮੁਟਿਆਰਾਂ'।

**ਇਨ੍ਹਾਂ ਸਤਰਾਂ ਵਿੱਚ ਬੋਲੀਆਂ ਦੇ ਖੂਹ ਭਰਨ ਤੋਂ ਕੀ ਭਾਵ ਹੈ ?**

(ੳ) ਬਹੁਤ ਖ਼ੁਸ਼ ਹੋਣਾ ☐ (ਅ) ਬਹੁਤ ਬੋਲੀਆਂ ਪਾਉਣਾ ☐
(ੲ) ਬਹੁਤ ਮਿਹਨਤ ਕਰਨੀ ☐ (ਸ) ਖੂਹ ਦੁਆਲ਼ੇ ਬੋਲੀਆਂ ਪਾਉਣੀਆਂ ☐

**ਪ੍ਰਸ਼ਨ 3.** **ਤੁਕਾਂ ਪੂਰੀਆਂ ਕਰੋ :**
ਰੰਗ ਖੁਰ ਗਿਆ ਖੇਸੀ ਦਾ
..................................
ਕੀ ਮਾਣ ਪਰਦੇਸੀ ਦਾ ?

(ੳ) ਅਸਾਂ ਇੱਥੋਂ ਦੂਰ ਜਾਣਾ ☐ (ਅ) ਅਸਾਂ ਕਿਹੜਾ ਨਿੱਤ ਆਵਣਾ ☐
(ੲ) ਅਸਲ ਨਿਭਾਉਂਦੇ ਨੇ ☐ (ਸ) ਉਮਰਾਂ ਮੁੱਕ ਜਾਣੀਆਂ ☐

**ਪ੍ਰਸ਼ਨ 4.** **ਬੁਝਾਰਤ ਦਸੋ :**
ਚੋਰ ਦਾ ਦੁਸ਼ਮਣ, ਬੰਦੇ ਦਾ ਯਾਰ
ਪੀਵੇ ਇਹ ਦੁੱਧ, ਮਾਰੇ ਸ਼ਿਕਾਰ।

(ੳ) ਸੂਈ ☐ (ਅ) ਕੁੱਤਾ ☐
(ੲ) ਹਵਾ ☐ (ਸ) ਸੂਰਜ ☐

**ਪ੍ਰਸ਼ਨ 5.** **ਬੁਝਾਰਤ ਦਸੋ :**
ਦੋ ਕਬੂਤਰ ਕੋਲੋਂ ਕੋਲੀਂ ਖੰਭ ਉਨ੍ਹਾਂ ਦੇ ਕਾਲ਼ੇ
ਨਾ ਕੁਝ ਖਾਂਦੇ ਨਾ ਕੁਝ ਪੀਂਦੇ ਰੱਬ ਉਨ੍ਹਾਂ ਨੂੰ ਪਾਲੇ।

(ੳ) ਚੰਨ ਸੂਰਜ ☐ (ਅ) ਪੱਤੇ ਟਹਿਣੀਆਂ ☐
(ੲ) ਅੱਖਾਂ ☐ (ਸ) ਦੰਦ ☐

**ਪ੍ਰਸ਼ਨ 6.** **ਖ਼ਾਲੀ ਥਾਂ ਭਰੋ :**
ਭੁੰਨੇ ਹੋਏ ਚੱਬ ਦਾਣੇ
ਅਸਾਂ ਦਿਲ ਦੇ ਛੱਡਿਆ
ਤੇਰੇ ਦਿਲ ਦੀਆਂ............ ਜਾਣੇ।

(ੳ) ਤੂੰ ☐ (ਅ) ਉਹ ☐
(ੲ) ਰੱਬ ☐ (ਸ) ਕੋਈ ਨਾ ☐

ਪ੍ਰਸ਼ਨ 7. 'ਸਵਾਣੀਆਂ ਨੂੰ ਟੁੱਕਰ ਨਾ ਕੁੱਚਦਾ
ਜਿਸ ਵੇਲੇ ਵੇਖਣ ਭੁੱਖੀਆਂ ਤੇ ਮਾਂਦੀਆਂ'।
.......... ਭੁੱਖੀਆਂ ਤੇ ਮਾਂਦੀਆਂ ਕਿਨ੍ਹਾਂ ਨੂੰ ਕਿਹਾ ਗਿਆ ਹੈ ?

(ੳ) ਔਰਤਾਂ ਨੂੰ ☐ (ਅ) ਕੁੜੀਆਂ ਨੂੰ ☐
(ੲ) ਗਾਵਾਂ ਨੂੰ ☐ (ਸ) ਮੱਝਾਂ ਨੂੰ ☐

$6 \times 1 = 6$

**(XI.) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ :**

ਪ੍ਰਸ਼ਨ 1. 'ਸਾਡੇ ਪਿੰਡ ਦੇ ਮੁੰਡੇ ਵੇਖ ਲਓ' ਬੋਲੀ ਵਿੱਚ ਮੁੰਡਿਆਂ ਦੀ ਸਿਫ਼ਤ ਕਿਵੇਂ ਕੀਤੀ ਗਈ ਹੈ ?

ਪ੍ਰਸ਼ਨ 2. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਕਿਹੜੇ-ਕਿਹੜੇ ਭਾਵ ਅੰਕਿਤ ਕੀਤੇ ਹਨ ?

ਪ੍ਰਸ਼ਨ 3. ਸਿੱਠਣੀਆਂ ਕਿਹੜੇ ਮੌਕੇ ਉੱਤੇ, ਕਿਸ ਵੱਲੋਂ ਅਤੇ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ ?

ਪ੍ਰਸ਼ਨ 4. "ਮੈਂ ਔਂਸੀਆਂ ਪਾਉਨੀ ਆਂ, ਉਹ ਕਦ ਘਰ ਆਵੇ, ਬੈਠੀ ਕਾਗ ਉਡਾਨੀ ਆਂ'
ਮਾਹੀਏ ਵਿੱਚ ਆਏ ਭਾਵ ਨੂੰ ਪ੍ਰਗਟ ਕਰੋ।

$3 \times 3 = 9$

**(XII.) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਲਿਖੋ :**

ਪ੍ਰਸ਼ਨ 1. ਰਾਜੇ ਸਲਵਾਨ ਨੇ ਆਪਣੇ ਪੁੱਤਰ ਨੂੰ ਭੋਰੇ ਵਿੱਚ ਰੱਖਣ ਦਾ ਹੁਕਮ ਕਿਉਂ ਦਿੱਤਾ ?

ਪ੍ਰਸ਼ਨ 2. ਜੱਲਾਦਾਂ ਨੇ ਪੂਰਨ ਨਾਲ ਕੀ ਵਿਹਾਰ ਕੀਤਾ ?

ਪ੍ਰਸ਼ਨ 3. ਬਾਸੁਕ ਨਾਗ ਰਸਾਲੂ ਦਾ ਮਿੱਤਰ ਕਿਵੇਂ ਬਣ ਗਿਆ ?

ਪ੍ਰਸ਼ਨ 4. ਚੰਦਨ ਦੇਈ ਕੌਣ ਸੀ, ਉਹ ਰਸਾਲੂ ਨੂੰ ਕਿਵੇਂ ਮਿਲੀ ?

ਪ੍ਰਸ਼ਨ 5. ਦੁੱਲਾ ਲੋਕਾਂ ਵਿੱਚ ਹਰਮਨ ਪਿਆਰਾ ਕਿਵੇਂ ਹੋ ਗਿਆ ?

ਪ੍ਰਸ਼ਨ 6. ਰਾਂਝੇ ਦੀ ਹੀਰ ਨਾਲ਼ ਪਹਿਲੀ ਮੁਲਾਕਾਤ ਕਿਵੇਂ ਹੋਈ ?

$4 \times 2 = 8$